# ਪੰਜਾਬੀ ਯੂਨੀਵਰਸਿਟੀ, ਪਟਿਆਲਾ

## ਜਨਰਲ ਬਰਾਂਚ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ **03** ਦੁਕਾਨਾਂ/**01** ਕੰਟੀਨ ਦੀ ਟੈਂਡਰ ਰਾਹੀਂ ਅਲਾਟਮੈਂਟ ਕਰਨ ਲਈ ਸ਼ਰਤਾਂ :-

| ਲੜੀ ਨੰਬਰ | ਦੁਕਾਨ ਦਾ ਨਾਮ | ਨਿਰਧਾਰਿਤ ਕੀਤੀ ਗਈ ਲਾਇਸੈਂਸ ਮਨੀ |
|---|---|---|
| 1. | ਯੂਨੀਵਰਸਿਟੀ ਕਾਲਜ ਆਫ ਇੰਜੀਨੀਅਰਿੰਗ ਵਿੰਗ ਦੇ (ਬੇਸਮੈਂਟ) ਵਿੱਚ ਸਥਿਤ ਕੰਟੀਨ | 15000/-ਰੁਪਏ |
| 2. | ਫੋਟੋਸਟੇਟ ਅਤੇ ਸਟੇਸ਼ਨਰੀ ਦੀ ਦੁਕਾਨ (ਯੂਕੋ) | 4500/-ਰੁਪਏ |
| 3. | ਦੁਕਾਨ ਨੰਬਰ 05 (ਵਡੀ) ਕੈਮਿਸਟ (ਗੋਲ ਮਾਰਕੀਟ) | 10,000/-ਰੁਪਏ |
| 4. | ਦੁਕਾਨ ਨੰਬਰ 06 (ਛੋਟੀ) ਫੋਟੋਸਟੇਟ ਅਤੇ ਪ੍ਰਿੰਟ ਆਊਟ (ਗੋਲ ਮਾਰਕੀਟ) | 10,000/-ਰੁਪਏ |

ਕਮੇਟੀ ਵਲੋਂ ਇਨ੍ਹਾਂ ਦੁਕਾਨਾਂ/ਕੰਟੀਨ ਦੀ ਅਲਾਟਮੈਂਟ ਕਰਨ ਲਈ ਜੋ ਸ਼ਰਤਾਂ ਤਹਿ ਕੀਤੀਆਂ ਗਈਆਂ ਹਨ, ਉਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**1.** ਟੈਂਡਰਕਰਤਾ ਇਸ ਰਾਸ਼ੀ ਤੋਂ ਵੱਧ ਦੀ ਕੀਮਤ ਦੇ ਟੈਂਡਰ ਭਰ ਕੇ ਭੇਜਣਗੇ। ਇਸ ਰਾਸ਼ੀ ਤੋਂ ਘੱਟ ਕੀਮਤ ਦੇ ਟੈਂਡਰ ਸਵੀਕਾਰ ਨਹੀਂ ਕੀਤੇ ਜਾਣਗੇ।

**2.** ਜੋ ਟੈਂਡਰਕਰਤਾ ਇੱਕ ਤੋਂ ਵੱਧ ਕੰਟੀਨ/ਦੁਕਾਨ ਲਈ ਅਪਲਾਈ ਕਰਨ ਦੇ ਚਾਹਵਾਨ ਹੋਣਗੇ, ਉਨ੍ਹਾਂ ਨੂੰ ਵੱਖਰੇ-ਵੱਖਰੇ ਤੌਰ ਤੇ ਟੈਂਡਰ ਭਰ ਕੇ ਭੇਜਣੇ ਹੋਣਗੇ।

**3.** ਟੈਂਡਰ ਅਪਲਾਈ ਕਰਨ ਵਾਲਾ ਵਿਅਕਤੀ ਪਿਛਲੇ ਤਿੰਨ ਸਾਲ ਦਾ ਕੰਟੀਨ/ਦੁਕਾਨ ਚਲਾਉਣ ਦਾ ਤਜਰਬਾ ਰੱਖਦਾ ਹੋਵੇ। ਟੈਂਡਰ ਅਪਲਾਈ ਕਰਨ ਵਾਲੇ ਵਿਅਕਤੀ ਨੂੰ ਤਜਰਬੇ ਦਾ ਹਲਫੀਆ ਬਿਆਨ ਦੇਣਾ ਹੋਵੇਗਾ।

**4.** ਦੁਕਾਨ/ਕੰਟੀਨ ਅਪਲਾਈ ਕਰਨ ਵਾਲੇ ਵਿਅਕਤੀ ਨੂੰ **1,50,000/-** ਰੁਪਏ (ਇੱਕ ਲੱਖ ਪੰਜਾਹ ਹਜਾਰ ਰੁਪਏ) ਦਾ ਬੈਂਕ ਡਰਾਫਟ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਮ ਤੇ ਭੇਜਣਾ ਹੋਵੇਗਾ। ਟੈਂਡਰ ਭਰਨ ਵਾਲੀ ਪਾਰਟੀ ਤੋਂ **1,000/-** ਰੁਪਏ ਦੀ ਐਪਲੀਕੇਸ਼ਨ ਫੀਸ ਅਤੇ ਇਸ ਰਕਮ ਦੇ ਨਾਲ ਹੀ **18%** ਜੀ.ਐਸ.ਟੀ ਵਜੋਂ ਬੈਂਕ ਡਰਾਫਟ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਮ ਦੇ ਅਲੱਗ ਤੋਂ ਭੇਜਣਾ ਹੋਵੇਗਾ।

**5.** ਜਿਸ ਵਿਅਕਤੀ ਦਾ ਟੈਂਡਰ ਪਾਸ ਹੋ ਜਾਵੇਗਾ, ਉਸ ਵੱਲੋਂ ਜਮ੍ਹਾਂ ਕਰਵਾਈ ਗਈ **1,50,000/-** ਰੁਪਏ ਦੀ ਰਾਸ਼ੀ ਸਕਿਓਰਟੀ ਵਿੱਚ ਤਬਦੀਲ ਹੋ ਜਾਵੇਗੀ ਅਤੇ ਬਾਕੀਆਂ ਦੀ ਰਾਸ਼ੀ ਵਾਪਸ ਕਰ ਦਿੱਤੀ ਜਾਵੇਗੀ। ਜਿਹੜਾ ਦੁਕਾਨਦਾਰ/ਕੰਟੀਨ ਠੇਕੇਦਾਰ ਇਕਰਾਰਨਾਮੇ ਦੇ ਸਮੇਂ ਦੇ ਵਿਚਕਾਰ ਹੀ ਦੁਕਾਨ/ਕੰਟੀਨ ਛੱਡ ਜਾਵੇਗਾ। ਉਸ ਦੀ ਸਕਿਓਰਟੀ ਜਬਤ ਕਰ ਲਈ ਜਾਵੇਗੀ।

**6.** ਦੁਕਾਨਾਂ/ਕੰਟੀਨਾਂ ਤਿੰਨ ਸਾਲ ਦੇ ਸਮੇਂ ਲਈ ਅਲਾਟ ਕੀਤੀਆਂ ਜਾਣਗੀਆਂ। ਤਹਿਸ਼ੁਦਾ ਲਾਇਸੈਂਸ ਮਨੀ ਵਿੱਚ ਹਰ ਸਾਲ **10%** ਦਾ ਵਾਧਾ ਕੀਤਾ ਜਾਵੇਗਾ ਅਤੇ ਇਸ ਸਬੰਧੀ ਵਿਧੀ ਬੱਧ ਢੰਗ ਨਾਲ ਯੂਨੀਵਰਸਿਟੀ ਨਾਲ ਇਕਰਾਰਨਾਮਾ ਕੀਤਾ ਜਾਵੇਗਾ।

**7.** ਕੰਟੀਨ/ਦੁਕਾਨ ਦੀ ਅਲਾਟਮੈਂਟ ਸਮੇਂ ਅਲਾਟੀ ਤੋਂ ਲਾਇਸੈਂਸ ਮਨੀ ਦੇ **36** ਐਡਵਾਂਸ ਪੋਸਟ ਡੇਟਿਡ ਚੈੱਕ ਜਮ੍ਹਾਂ ਕਰਵਾਏ ਜਾਣਗੇ। ਇਸ ਤੋਂ ਇਲਾਵਾ **18%** ਜੀ.ਐਸ.ਟੀ ਦੇ ਚੈੱਕ ਅਲੱਗ ਤੋਂ ਜਮ੍ਹਾਂ ਕਰਵਾਉਣੇ ਹੋਣਗੇ।

**8.** ਬਿਜਲੀ ਦਾ ਪੂਰਾ ਬਿਲ ਕਮਰਸ਼ੀਅਲ ਰੇਟ ਤੇ ਅਲਾਟੀ ਵੱਲੋਂ ਅਦਾ ਕੀਤਾ ਜਾਵੇਗਾ। ਪਾਣੀ ਲਈ ਹੇਠ ਲਿਖੇ ਅਨੁਸਾਰ ਬਿਲ ਦੁਕਾਨਦਾਰਾਂ/ਕੰਟੀਨ ਠੇਕੇਦਾਰਾਂ ਵੱਲੋਂ ਅਦਾ ਕੀਤਾ ਜਾਵੇਗਾ :-

**(i)** ਕੰਟੀਨਾਂ ਵਿੱਚ ਖਾਣੇ ਆਦਿ ਨਾਲ ਸਬੰਧਤ ਕੰਮ ਕਰਨ ਵਾਲੇ ਕੰਟੀਨ ਠੇਕੇਦਾਰ ਤੋਂ **500/-** ਰੁਪਏ ਪ੍ਰਤੀ ਮਹੀਨਾ।

**(ii)** ਜੂਸ ਬਾਰ ਦਾ ਕੰਮ ਕਰਨ ਵਾਲੇ ਦੁਕਾਨਦਾਰਾਂ ਤੋਂ **200/-** ਰੁਪਏ ਪ੍ਰਤੀ ਮਹੀਨਾ।

**(iii)** ਨਾਰਮਲ ਦੁਕਾਨਾਂ (ਜਿਨ੍ਹਾਂ ਦੁਕਾਨਾਂ ਵਿੱਚ ਪਾਣੀ ਦੀ ਘੱਟ ਤੋਂ ਘੱਟ ਵਰਤੋਂ ਹੁੰਦੀ ਹੈ) ਵਿੱਚ ਕੰਮ ਕਰਨ ਵਾਲੇ ਦੁਕਾਨਦਾਰਾਂ ਤੋਂ **50/-** ਰੁਪਏ ਪ੍ਰਤੀ ਮਹੀਨਾ।

**9.** ਅਲਾਟੀ ਦੁਕਾਨ/ਕੰਟੀਨ ਦਾ ਫਰਨੀਚਰ ਆਪਣੇ ਖਰਚੇ ਤੇ ਉਪਲਬੱਧ ਕਰਵਾਏਗਾ ਅਤੇ ਇਕਰਾਰਨਾਮੇ ਦੀ ਮਿਆਦ ਖਤਮ ਹੋਣ ਤੋਂ ਬਾਅਦ ਵਾਪਸ ਲੈ ਜਾਵੇਗਾ। ਅਲਾਟੀ ਸਮਰੱਥ ਅਧਿਕਾਰੀਆਂ ਦੀ ਆਗਿਆ ਤੋਂ ਬਿਨ੍ਹਾਂ ਦੁਕਾਨ/ਕੰਟੀਨ ਵਿੱਚ ਕੋਈ ਅਦਲਾ-ਬਦਲੀ ਨਹੀਂ ਕਰ ਸਕਦਾ।

**10.** ਕੰਟੀਨਾਂ ਵਿੱਚ ਸਿਰਫ ਉਹ ਹੀ ਖਾਣ-ਪੀਣ ਵਾਲੀਆਂ ਵਸਤੂਆਂ ਵੇਚੀਆਂ ਜਾਣਗੀਆਂ ਜੋ ਯੂਨੀਵਰਸਟਿੀ ਵੱਲੋਂ **Approved List** ਵਿੱਚ ਸ਼ਾਮਿਲ ਹੋਣਗੀਆਂ ਅਤੇ ਜਿਨ੍ਹਾਂ ਦੇ ਰੇਟ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਕੀਤੇ ਜਾਣਗੇ।

**11.** ਅਲਾਟੀ ਵੱਲੋਂ ਵੇਚੇ ਜਾਣ ਵਾਲੇ ਸਮਾਨ ਦੀ ਦੁਕਾਨ/ਕੰਟੀਨ ਵਿਖੇ ਰੇਟ ਲਿਸਟ **Display** ਕਰਨੀ ਜਰੂਰੀ ਹੋਵੇਗੀ।

**12.** ਅਲਾਟੀ ਨੇ ਦੁਕਾਨ/ਕੰਟੀਨ ਵਿੱਚ ਸਫਾਈ ਦਾ ਵਿਸ਼ੇਸ਼ ਧਿਆਨ ਰੱਖਣਾ ਹੋਵੇਗਾ। ਜੇਕਰ ਉਹ ਫਿਰ ਵੀ ਸਫਾਈ ਨਹੀਂ ਰੱਖਦਾ ਤਾਂ ਉਸ ਨੂੰ ਪੈਨਲਟੀ ਲਗਾਈ ਜਾ ਸਕੇਗੀ ਅਤੇ ਉਸ ਨਾਲ ਕੀਤਾ ਇਕਰਾਰਨਾਮਾ ਕੈਂਸਲ ਵੀ ਕੀਤਾ ਜਾ ਸਕਦਾ ਹੈ।

**13.** ਕੰਟੀਨ ਵਿਖੇ ਖਾਣ-ਪੀਣ ਦੀਆਂ ਸਾਫ-ਸੁਥਰੀਆਂ ਅਤੇ ਵਧੀਆਂ **(Branded)** ਕੁਆਲਟੀ ਦੀਆਂ ਵਸਤੂਆਂ ਉਪਲਬੱਧ ਕਰਵਾਉਣੀਆਂ ਹੋਣਗੀਆਂ। ਖਾਣ-ਪੀਣ ਦੀਆਂ ਵਸਤੂਆਂ ਦੀ ਚੈਕਿੰਗ ਯੂਨੀਵਰਸਿਟੀ ਅਧਿਕਾਰੀਆਂ ਵੱਲੋਂ ਕਦੇ ਵੀ ਕੀਤੀ ਜਾ ਸਕਦੀ ਹੈ।

**14.** ਕੰਟੀਨ ਵਿੱਚ ਪੀਣ ਲਈ ਸਿਰਫ **R.O.** ਦਾ ਪਾਣੀ ਹੀ ਵਰਤਿਆ ਜਾਵੇਗਾ। ਜਿਸ ਲਈ **R.O.** ਦਾ ਪ੍ਰਬੰਧ ਸਿਰਫ ਲਾਇਸੈਂਸੀ ਹੀ ਕਰੇਗਾ।

**15.** ਇੱਕ ਵਿਅਕਤੀ ਨੂੰ ਸਿਰਫ ਇੱਕ ਹੀ ਦੁਕਾਨ ਅਲਾਟ ਕੀਤੀ ਜਾਵੇਗੀ। ਜੇਕਰ ਦੁਕਾਨ/ਕੰਟੀਨ ਦਾ ਕੋਈ **Dispute** ਹੁੰਦਾ ਹੈ ਤਾਂ ਉਸ ਨੂੰ ਨਿਬੇੜਨ ਲਈ ਸਮਰੱਥ ਅਧਿਕਾਰੀ ਵਾਈਸ-ਚਾਂਸਲਰ ਸਾਹਿਬ ਹੋਣਗੇ ਅਤੇ ਜੇਕਰ ਕੋਈ ਕੋਰਟ ਕੇਸ ਲਈ ਜਾਂਦਾ ਉਸ ਦੀ ਜਿਉਰਿਜ਼ਡਿਕਸਨ **(Jurisdiction)** ਪਟਿਆਲਾ ਹੋਵੇਗੀ।

ਚਲਦਾ ਪੰਨਾ : -----

ਪਿਛਲੇ ਪੰਨੇ ਤੋਂ : ---------

16. ਅਲਾਟੀ ਨੂੰ ਜਿਸ ਕੰਮ ਲਈ ਦੁਕਾਨ/ਕੰਟੀਨ ਅਲਾਟ ਕੀਤੀ ਜਾਵੇਗੀ, ਉਹ ਉਸ ਕੰਮ ਲਈ ਹੀ ਵਰਤੇਗਾ ਅਤੇ ਜੇਕਰ ਉਹ ਹੋਰ ਕੋਈ ਕੰਮ ਕਰੇਗਾ ਤਾਂ ਉਸ ਨੂੰ ਪੈਨਲਟੀ ਦੇਣੀ ਪਵੇਗੀ ਅਤੇ ਯੂਨੀਵਰਸਿਟੀ ਵੱਲੋਂ ਉਸ ਨਾਲ ਕੀਤਾ ਇਕਰਾਰਨਾਮਾ ਵੀ ਕੈਂਸਲ ਕੀਤਾ ਜਾ ਸਕਦਾ ਹੈ।

17. ਅਲਾਟੀ ਦੁਕਾਨ/ਕੰਟੀਨ ਅੱਗੋਂ ਕਿਸੇ ਹੋਰ ਨੂੰ ਸਬਲੈਟ ਨਹੀਂ ਕਰੇਗਾ। ਜੇਕਰ ਅਲਾਟੀ **02** ਮਹੀਨੇ ਲਗਾਤਾਰ ਰੈਂਟ ਅਦਾ ਨਹੀਂ ਕਰਦਾ ਤਾਂ ਉਸ ਦੁਕਾਨ/ਕੰਟੀਨ ਦਾ ਬਿਜਲੀ/ਪਾਣੀ ਆਦਿ ਬੰਦ ਕਰਨ ਦਾ ਅਧਿਕਾਰ ਯੂਨੀਵਰਸਿਟੀ ਕੋਲ ਰਾਖਵਾਂ ਹੋਵੇਗਾ।

ਰਜਿਸਟਰਾਰ